**ਈ.ਆਈ.ਏ ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਬਾਲਾਜੀ ਓਵਰਸੀਜ਼, ਪਿੰਡ ਹੰਬੜਾਂ, ਨੇੜੇ ਮੂਰਤੀ ਐਗਰੋ ਫੂਡਜ਼, ਹੰਬੜਾਂ ਰੋਡ, ਜ਼ਿਲ੍ਹਾ ਲੁਧਿਆਣਾ ਵੱਲੋਂ ਪਲਾਂਟ ਦੀ ਉਸਾਰੀ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 17.9.2019 ਦੀ ਕਾਰਵਾਈ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1. ਸ. ਜਸਪਾਲ ਸਿੰਘ ਗਿੱਲ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸਨਰ,
   ਖੰਨਾ ।
2. ਡਾ. ਮਨੋਹਰ ਲਾਲ ਚੋਹਾਨ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ।
3. ਸ. ਅਸ਼ਪ੍ਰੀਤ ਸਿੰਘ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ-3, ਲੁਧਿਆਣਾ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ 17.9.2019 ਨੂੰ ਮੈਸ. ਬਾਲਾਜੀ ਓਵਰਸੀਜ਼, ਪਿੰਡ ਹੰਬੜਾਂ, ਨੇੜੇ ਮੂਰਤੀ ਐਗਰੋ ਫੂਡਜ਼, ਹੰਬੜਾਂ ਰੋਡ, ਜ਼ਿਲ੍ਹਾ ਲੁਧਿਆਣਾ ਵੱਲੋ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਈ.ਆਈ.ਏ ਨੋਟੀਫਿਕੇਸਨ ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਂਸ ਲੈਣ ਲਈ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਇੰਡਸਟਰੀ ਵੱਲੋ ਪਿੰਡ ਹੰਬੜਾਂ, ਨੇੜੇ ਮੂਰਤੀ ਐਗਰੋ ਫੂਡ, ਹੰਬੜਾਂ ਰੋਡ, ਜ਼ਿਲ੍ਹਾ ਲੁਧਿਆਣਾ ਵਿਖੇ ਪ੍ਰਸਤਾਵਿਤ ਪ੍ਰੋਜੈਕਟ ਤਕਰੀਬਨ ਫ਼ਾਰਮਲਡੀਹਾਈਡ (37%) 100 ਟੀ ਪੀ ਡੀ, ਮੇਲਾਮੀਨ ਫ਼ਾਰਮਲਡੀਹਾਈਡ ਰੇਸਿਨ 42.5 ਟੀ ਪੀ ਡੀ, ਫਿਨੋਲ ਫ਼ਾਰਮਲਡੀਹਾਈਡ ਰੇਸਿਨ 15 ਟੀ ਪੀ ਡੀ ਅਤੇ ਯੂਰੀਆ ਫ਼ਾਰਮਲਡੀਹਾਈਡ ਰੇਸਿਨ 42.5 ਟੀ ਪੀ ਡੀ ਕੁੱਲ ਪੈਦਾਵਾਰ ਮਾਤਰਾ ਤਿਆਰ ਕਰੇਗਾ। ਉਹਨਾਂ ਨੇ ਹਾਜਰ ਲੋਕਾਂ ਨੂੰ ਦੱਸਿਆ ਕਿ ਇਸ ਕਿਸਮ ਦੇ ਯੂਨਿਟ ਲਗਾਉਣ ਤੋ ਪਹਿਲਾਂ ਇੰਡਸਟਰੀ ਵਲੋ ਜਨਤਕ ਸੁਣਵਾਈ ਕਰਵਾਉਣੀ ਬਣਦੀ ਹੈ। ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਾਲਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਲੁਧਿਆਣਾ, ਜਿਲ੍ਹਾ ਪਰੀਸ਼ਦ ਲੁਧਿਆਣਾ, ਜਨਰਲ ਮੈਨੇਜਰ, ਜਿਲ੍ਹਾ ਉਦਯੋਗਿਕ ਕੇਂਦਰ, ਲੁਧਿਆਣਾ, ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ, ਅਤੇ ਖੇਤਰੀ ਦਫਤਰ-3, ਪੰਜਾਬ

ਪ੍ਰਦੂਸ਼ਣ ਕੰਟਰੋਲ ਬੋਰਡ, ਲੁਧਿਆਣਾ, ਵਿੱਚ ਰਖੀ ਗਈ ਸੀ ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ। ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਯੂਨ (ਅੰਗਰੇਜੀ ਰੋਜਾਨਾ) ਵਿੱਚ ਅਤੇ ਅਜੀਤ (ਪੰਜਾਬੀ ਰੋਜਾਨਾ) ਵਿੱਚ ਮਿਤੀ 14.8.2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇਂ ਦਾ ਪਤਾ ਲੱਗ ਜਾਵੇ। ਨਾਲ ਹੀ ਕਿ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋਂ ਪਿੱਛੋਂ ਉਹਨਾਂ ਇੰਡਸਟਰੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਆਰ.ਐਸ ਰਾਣਾ ਮੈਸ: ਸੀ.ਪੀ.ਟੀ.ਲ, ਚੰਡੀਗੜ੍ਹ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

| | | | | |
|---|---|---|---|---|
| 1. | ਪ੍ਰੋਜੈਕਟ ਦਾ ਨਾਂ | | ਮੈਜਰਸ ਬਾਲਾਜੀ ਓਵਰਸੀਜ਼ | |
| 2. | ਪ੍ਰੋਜੈਕਟ ਦੀ ਕਿਸਮ | | ਕੈਮੀਕਲਜ਼ ਨਿਰਮਾਣ ਇਕਾਈ (ਨਵਾਂ) | |
| 3 | ਸਥਾਨ | | ਪਿੰਡ ਹੰਬੜਾਂ, ਮੂਰਤੀ ਐਗਰੋ ਫੂਡਜ਼, ਹੰਬੜਾਂ ਰੋਡ, ਲੁਧਿਆਣਾ, ਪੰਜਾਬ | |
| 4. | 5 ਕਿਮੀ. ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | i. | ਪੁਰਾਤੱਤਵ ਮਹੱਤਵਪੂਰਣ ਸਥਾਨ --- | Nil |
| | | ii. | ਜੰਗਲੀ ਜੀਵਣ ਅਸਥਾਨ --- | Nil |
| | | iii. | ਰਿਜ਼ਰਵਡ / ਸੁਰੱਖਿਅਤ ਜੰਗਲ --- | Nil |
| | | iv. | ਇਤਿਹਾਸਕ ਸਥਾਨ --- | Nil |
| | | v. | ਨਦੀ / ਨਹਿਰ --- | ਸਰਹਿੰਦ ਨਹਿਰ |
| | | vi. | ਉਦਯੋਗ --- | Nil |
| 5. | ਕੁੱਲ ਜ਼ਮੀਨ | | 1.82 ਏਕੜ | |
| 6. | ਉਤਪਾਦ ਅਤੇ ਉਨ੍ਹਾਂ ਦੀ ਸਮਰੱਥਾ | ਲੜੀ ਨੰ. | ਉਤਪਾਦ | ਮਾਤਰਾ |
| | | 1. | ਫ਼ਾਰਮਲਡੀਹਾਈਡ (37%) | 100 TPD |
| | | 2. | ਮੇਲਾਮੀਨ ਫ਼ਾਰਮਲਡੀਹਾਈਡ ਰੇਸਿਨ | 42.50 TPD |
| | | 3. | ਫਿਨੋਲ ਫ਼ਾਰਮਲਡੀਹਾਈਡ ਰੇਸਿਨ | 15 TPD |
| | | 4. | ਯੂਰੀਆ ਫ਼ਾਰਮਲਡੀਹਾਈਡ ਰੇਸਿਨ | 42.50 TPD |
| 7. | ਕੱਚਾ ਮਾਲ/ ਸਰੋਤ ਅਤੇ ਆਵਾਜਾਈ | | | |
| | ਉਤਪਾਦ | ਕੱਚਾ ਮਾਲ | ਮਾਤਰਾ | ਸਰੋਤ |

| | | | | |
|---|---|---|---|---|
| | ਫ਼ਾਰਮਲਡੀਹਾਈਡ (37%) | ਮੀਥਾਨੋਲ (T/D) | 45.0 | ਸਥਾਨਕ ਮਾਰਕੀਟ |
| | | ਪਾਣੀ (T/D) | 130.0 | ਗਰਾਊਂਡ ਵਾਟਰ |
| | | ਸਿਲਵਰ ਮਿਲਾਨਰ (T/D) | | ਸਥਾਨਕ ਮਾਰਕੀਟ |
| | ਮੇਲਾਮੀਨ ਫ਼ਾਰਮਲਡੀਹਾਈਡ ਰੇਸਿਨ | ਮੇਲਾਮੀਨ (T/D) | 13.00 | ਸਥਾਨਕ ਮਾਰਕੀਟ |
| | | ਫ਼ਾਰਮਲਡੀ ਹਾਈਡ (T/D) | 30.00 | ਸਥਾਨਕ ਮਾਰਕੀਟ |
| | | ਕਾਸਟਿਕ (T/D) | 0.22 | ਸਥਾਨਕ ਮਾਰਕੀਟ |
| | ਫਿਨੋਲ ਫ਼ਾਰਮਲਡੀਹਾਈਡ ਰੇਸਿਨ | ਫਿਨੋਲ (T/D) | 7.50 | ਸਥਾਨਕ ਮਾਰਕੀਟ |
| | | ਫ਼ਾਰਮਲਡੀ ਹਾਈਡ (T/D) | 8.50 | ਸਥਾਨਕ ਮਾਰਕੀਟ |
| | | ਕਾਸਟਿਕ (T/D) | 0.075 | ਸਥਾਨਕ ਮਾਰਕੀਟ |
| | ਯੂਰੀਆ ਫ਼ਾਰਮਲਡੀਹਾਈਡ ਰੇਸਿਨ | ਯੂਰੀਆ (T/D) | 13.00 | ਆਪਣੀ ਯੂਨਿਟ ਤੋਂ |
| | | ਫ਼ਾਰਮਲਡੀ ਹਾਈਡ (T/D) | 30.00 | ਸਥਾਨਕ ਮਾਰਕੀਟ |
| | | ਐਸੀਟਿਕ ਐਸਿਡ (T/D) | 0.11 | ਸਥਾਨਕ ਮਾਰਕੀਟ |
| | | ਕਾਸਟਿਕ (T/D) | 0.11 | ਸਥਾਨਕ ਮਾਰਕੀਟ |
| 8. | ਕਾਮਿਆਂ ਦੀ ਗਿਣਤੀ | ਕੁੱਲ - 25 | | |

<table>
<tr><td>9.</td><td>ਪ੍ਰੋਜੈਕਟ ਦੀ ਲਾਗਤ (ਰੁਪਏ)</td><td>ਪ੍ਰੋਜੈਕਟ ਦੀ ਲਾਗਤ - Rs. 4.00 ਕਰੋੜ<br>ਵਾਤਾਵਰਨ ਸੁਰੱਖਿਆ ਪ੍ਰਣਾਲੀ ਲਈ ਲਾਗਤ - Rs.9.00 ਲੱਖ<br>ਆਵਰਤੀ ਲਾਗਤ / ਈਐਮਪੀ ਦਾ ਸਾਲ - Rs. 4.8 ਲੱਖ<br>ਈਐਸਸੀ ਦੀ ਲਾਗਤ - Rs. 8.00 ਲੱਖ<br>ਓਐਚਐਸ ਅਤੇ ਐਸ ਦੀ ਲਾਗਤ : Rs. 1.5 ਲੱਖ</td></tr>
<tr><td>10.</td><td>ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ)</td><td>1.17 ਕਰੋੜ ਅਤੇ 6.2 ਲੱਖ (ਆਵਰਤੀ) ਸਲਾਨਾ</td></tr>
<tr><td>11.</td><td>ਲੋੜੀਂਦੀ ਬਿਜਲੀ (KW)</td><td>200 ਕਿਲੋਵਾਟ</td></tr>
<tr><td>12.</td><td>ਬਿਜਲੀ ਦਾ ਸ੍ਰੋਤ</td><td>ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਿਡ</td></tr>
<tr><td>13.</td><td>ਲੋੜੀਂਦਾ ਪਾਣੀ (ਕਿਲੋ ਲੀਟਰ ਪ੍ਰਤੀ ਦਿਨ)</td><td>
<table>
<tr><td>ਵੇਰਵਾ</td><td>ਖਪਤ (KLD)</td><td>ਜਨਰੇਸ਼ਨ (KLD)</td><td>ਡਿਸਪੋਜ਼ਲ</td></tr>
<tr><td>ਨਿਰਮਾਣ ਕਾਰਜ</td><td>83</td><td>0</td><td>ਕੋਈ ਖਰਾਬ ਪਾਣੀ ਪੈਦਾ ਨਹੀਂ ਹੋਇਆ</td></tr>
<tr><td>ਗ੍ਰੀਨਬੈਲਟ</td><td>7</td><td>0</td><td>ਕੋਈ ਖਰਾਬ ਪਾਣੀ ਪੈਦਾ ਨਹੀਂ ਹੋਇਆ</td></tr>
<tr><td>ਠੰਡਾ</td><td>155</td><td>8</td><td>ਪੁਨਰ-ਵਰਤੋਂ ਲਈ ਵਾਸ਼ਪੋਰਟਰ ਅਤੇ ਸੰਘਣੇਸ ਨੂੰ ਭੇਜਿਆ</td></tr>
<tr><td>ਘਰੇਲੂ</td><td>2</td><td>1.5</td><td>ਸੇਪਟਿਕ ਟੈਂਕ ਨੂੰ ਭੇਜਿਆ ਗਿਆ ਜਿਸ ਦੇ ਬਾਅਦ ਟੁਕੜੇ ਨੂੰ ਖੋਦਣ ਲੱਗੇ</td></tr>
<tr><td>ਵਾਸ਼ਿੰਗ</td><td>1</td><td>0.9</td><td>ਪੁਨਰ-ਵਰਤੋਂ ਲਈ ਵਾਸ਼ਪੋਰਟਰ ਅਤੇ ਸੰਘਣੇਸ ਨੂੰ ਭੇਜਿਆ</td></tr>
</table>
</td></tr>
<tr><td>14.</td><td>ਬੇਸਲਾਈਨ ਵਾਤਾਵਰਨ ਡੇਟਾ ਅਤੇ ਉਹਨਾਂ ਦੇ ਪ੍ਰਭਾਵ :</td><td>ਵੱਖ-ਵੱਖ ਵਾਤਾਵਰਣ ਕਾਰਕ ਜਿਵੇਂ ਕਿ ਅਧਿਐਨ ਖੇਤਰ ਵਿਚ ਮੌਜੂਦ ਹੈ ਜੋ ਕਿ ਗਤੀਵਿਧੀਆਂ ਦੁਆਰਾ ਪ੍ਰਭਾਵਿਤ ਹੋਣ ਲਈ ਜ਼ਿੰਮੇਵਾਰ ਹਨ, ਦਾ ਮੁਲਾਂਕਣ ਅਤੇ ਗੁਣਵੱਤਾ ਦੋਨਾਂ ਦਾ ਵੇਰਵਾ</td></tr>
</table>

ਲਿਆ ਗਿਆ ਹੈ । 15 ਅਪ੍ਰੈਲ, 2019 ਤੋਂ 15 ਜੂਨ, 2019 ਦੇ ਅਰਸੇ ਦੌਰਾਨ ਅਧਿਐਨ ਖੇਤਰ ਦੀ ਬੇਸਲਾਈਨ ਵਾਤਾਵਰਣ ਸੰਬੰਧੀ ਜਾਣਕਾਰੀ ਤਿਆਰ ਕੀਤੀ ਗਈ।

| ਪੈਰਾਮੀਟਰ | ਸਾਈਟਸ ਵਰਣਨ | ਵੇਰਵਾ | ਮਨਜ਼ੂਰ ਸੀਮਾ |
|---|---|---|---|
| ਹਵਾ ਦੀ ਗੁਣਵੱਤਾ | 8 | $PM_{10}$ - 72.3µg/$m^3$ and 82.2µg/$m^3$<br>$PM_{2.5}$ - 33.5 µg/$m^3$ to 44.4 µg/$m^3$<br>$SO_2$ – 7.1 µg/$m^3$ to 12.5µg/$m^3$<br>$NO_2$ –20.2 µg/$m^3$ to 30.2µg/m<br>CO – 0.42µg/$m^3$ to 0.59 µg/$m^3$ | 100 µg/$m^3$<br>60 µg/$m^3$<br>80 µg/$m^3$<br>80 µg/$m^3$<br>4.0 mg/$m^3$ |
| ਗਰਾਊਂਡ ਵਾਟਰ ਕੁਆਲਿਟੀ | 8 | pH - 7.48 to 7.66<br>Hardness - 267.3 to 287.1 mg/l<br>TDS - 386.0 to 424.0 mg/l | 6.5-8.5<br>200-600 mg/l<br>500-2000 mg/l |
| ਸਤਹ ਪਾਣੀ ਦੀ ਗੁਣਵੱਤਾ | 4 | pH - 7.34 to 7.40<br>Hardness - 138.6 to 150.4 mg/l<br>TDS - 210 to 218 mg/l<br>BOD - <2 mg/l8.4 mg/l | --- |
| ਮਿੱਟੀ ਕੁਆਲਿਟੀ | 8 | pH - 7.68 to 8.01<br>Nitrogen - 2.12 to 6.34 % | --- |

<table>
<tr><td></td><td></td><td><table>
<tr><td></td><td></td><td>Organic Matter- 0.66 % to 1.01%</td><td></td></tr>
<tr><td>ਸ਼ੋਰ ਪੱਧਰ</td><td>8</td><td>Noise Level (Day) - 44.3 Leq dB(A) to 65.5 Leq dB (A)<br>Noise Level (Night) - 34.2 Leq dB(A) to 45.4 Leq dB(A)</td><td>75 Leq dB (A)<br>70 Leq dB (A)</td></tr>
</table></td></tr>
<tr><td>15.</td><td>ਵੇਸਟ ਵਾਟਰ ਟ੍ਰੀਟਮੈਂਟ</td><td>1.5 ਕੇ.ਐਲ.ਡੀ. ਘਰੇਲੂ ਗੰਦੇ ਪਾਣੀ ਨੂੰ ਸੇਪਟਿਕ ਟੈਂਕ ਰਾਹੀਂ ਟੋਏ ਭਿੱਜਣ ਲਈ ਛੱਡਿਆ ਜਾਵੇਗਾ ਅਤੇ ਪਾਣੀ ਦੀ ਖਪਤ ਨੂੰ ਘਟਾਉਣ ਲਈ ਗ੍ਰੀਨਬੈਲਟ ਵਿਕਾਸ ਲਈ ਵਰਤਿਆ ਜਾਵੇਗਾ</td></tr>
<tr><td>16.</td><td>ਠੋਸ ਅਤੇ ਖਤਰਨਾਕ ਕੂੜਾ ਉਤਪਾਦਨ ਅਤੇ ਨਿਪਟਾਰਾ</td><td>• ਬੋਇਲਰ ਐਸ਼ ਨੂੰ ਵੱਖਰੇ ਤੌਰ 'ਤੇ ਸਟੋਰ ਕੀਤਾ ਜਾਂਦਾ ਹੈ ਅਤੇ ਟੀਐਸਡੀਐਫ ਦੀ ਸਾਈਟ ਨਿੰਬੂਆ, ਡੇਰਾਬਾਸੀ ਵਿਖੇ ਨਿਪਟਾਇਆ ਜਾਂਦਾ ਹੈ।<br>• ਵਰਤੇ ਗਏ ਤੇਲ (0.25 ਕਿੱਲੋਲੀਟਰ/ਸਾਲ) ਨੂੰ ਅਧਿਕਾਰਿਤ ਰੀਸਾਈਕਲਰ ਨੂੰ ਵੇਚ ਦਿੱਤਾ ਜਾਵੇਗਾ।<br>• ਡੇਰਾਬਾਸੀ ਦੇ ਨਿੰਬੂਆ ਨੇੜੇ ਸਥਿਤ ਟੀਐਸਡੀਐਫ ਸਾਈਟ 'ਤੇ ਵੇਸਟ ਲੂਣ ਦਾ ਨਿਪਟਾਰਾ ਕੀਤਾ ਜਾਵੇਗਾ।<br>ਸੀਪੀਸੀਬੀ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੈਦਾ ਕੀਤੇ ਗਏ ਸਾਰੇ ਠੋਸ ਅਤੇ ਖਤਰਨਾਕ ਕੂੜੇ ਇਕੱਠੇ ਕੀਤੇ ਜਾਣਗੇ, ਵੱਖਰੇ ਤੌਰ 'ਤੇ ਸਟੋਰ ਕੀਤੇ ਜਾਣਗੇ ਅਤੇ ਇਸ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ।</td></tr>
<tr><td>17.</td><td>ਵਾਤਾਵਰਣ ਪ੍ਰਬੰਧਨ ਸੈੱਲ (ਈਐਮਸੀ)</td><td>ਵਾਤਾਵਰਣ ਪ੍ਰਬੰਧਨ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ:<br>1. ਮਾਲਕ<br>2. ਪ੍ਰੋਜੈਕਟ ਇੰਚਾਰਜ<br>3. ਵਾਤਾਵਰਨ ਸਲਾਹਕਾਰ</td></tr>
<tr><td>18.</td><td>ਕਾਰਪੋਰੇਟ ਵਾਤਾਵਰਣੀ ਜੁੰਮੇਵਾਰੀ (ਸੀ ਈ ਆਰ)</td><td>ਕੰਪਨੀ ਨੇ ਕਾਰਪੋਰੇਟ ਵਾਤਾਵਰਣੀ ਜ਼ਿੰਮੇਵਾਰੀ (ਸੀ ਈ ਆਰ) ਦੀਆਂ ਸਰਗਰਮੀਆਂ ਲਈ 8.0 ਲੱਖ ਰੁਪਏ ਰਾਖਵਾਂ ਰੱਖਿਆ ਹੈ ਜੋ ਕਿ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਵਰਤਨ ਮੰਨਤਾਰੇ ਦੇ OM ਮਿਤੀ 1 ਮਈ, 2018 ਅਤੇ ਜਨਤਕ ਸੁਣਵਾਈ ਮਦੇ ਨਜ਼ਰ ਪੂਰੀਆਂ ਕੀਤੀਆਂ</td></tr>
</table>

| | | |
|---|---|---|
| | | ਜਾਣਗੀਆਂ ਅਤੇ ਇਸ ਬਾਰੇ ਫਾਈਨਲ ਈ.ਆਈ.ਏ. ਦੀ ਰਿਪੋਰਟ ਵਿਚ ਵੇਰਵੇ ਦਿੱਤੇ ਜਾਣਗੇ\| |

ਇਸ ਤੋਂ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਜੈਕਟ ਪ੍ਰਮੌਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ। ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ । ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ। ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋਂ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ / ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ / ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1. | ਸ੍ਰੀ ਸਿਕੰਦਰ ਸਿੰਘ ਰੰਧਾਵਾ, ਪੁੱਤਰ ਕਰਤਾਰ ਸਿੰਘ, ਵਾਸੀ ਪਿੰਡ ਭੱਟੀਆਂ, ਜ਼ਿਲ੍ਹਾ ਲੁਧੀਆਣਾ । | ਸੱਨਅਤ ਨੂੰ ਸਥਾਨਕ ਨਿਵਾਸੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸੱਨਅਤ ਕੋਈ ਹਵਾ ਪ੍ਰਦੂਸ਼ਣ ਪੈਦਾ ਨਹੀਂ ਕਰੇਗਾ ਅਤੇ ਨਾਲ ਹੀ ਆਸ ਪਾਸ ਦੇ ਇਲਾਕੇ ਵਿਚ ਕੋਈ ਮਾੜੀ ਹਵਾ ਨਹੀਂ ਛੱਡੇਗਾ। ਜੇ ਉਪਰੋਕਤ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਤਾਂ ਅਸੀਂ ਵਧੇਰੇ ਜ਼ਮੀਨ ਪ੍ਰਦਾਨ ਕਰਨ ਲਈ | ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਸੱਨਅਤ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਏਪੀਸੀਡੀ ਅਤੇ ਜਲ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਈਟੀਪੀ ਲਗਾਇਗਾ ਤਾਂ ਜੋ ਖੇਤਰ ਵਿੱਚ ਪ੍ਰਦੂਸ਼ਣ ਨਾ ਹੋ ਸਕੇ। ਇਹ ਉਦਯੋਗ ਸੀ.ਪੀ.ਸੀ.ਬੀ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਇਸ ਕਿਸਮ ਦੇ ਉਦਯੋਗਾਂ ਲਈ ਨਿਰਧਾਰਤ ਕੀਤੀਆਂ ਗਇਆਂ ਵੱਖ-ਵੱਖ ਪ੍ਰਦੂਸ਼ਣਾ ਦੀ ਇਕਾਗਰਤਾ ਨੂੰ ਆਗਿਆਯੋਗ ਸੀਮਾਵਾਂ ਦੇ ਅੰਦਰ ਰੱਖੇਗਾ। ਇਸ ਤੋਂ ਇਲਾਵਾ, ਸਥਾਨਕ ਲੋਕਾਂ ਨੂੰ ਉਦਯੋਗ ਵਿਚ ਰੁਜ਼ਗਾਰ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਵਾਤਾਵਰਣ ਇੰਜੀਨੀਅਰ (ਮੈਗਾ) ਨੇ ਇੱਥੇ ਇਹ |

| | | | |
|---|---|---|---|
| | | ਵੀ ਤਿਆਰ ਹਾਂ। | ਵੀ ਦੱਸਿਆ ਕਿ ਬੋਰਡ ਕਿਸੇ ਸੱਨਅਤ ਨੂੰ ਕੇਵਲ ਉਦੋਂ ਹੀ ਐਨ.ਓ.ਸੀ ਜਾਰੀ ਕਰਦਾ ਹੈ ਜਦੋਂ ਇਹ ਸਾਇਟਿੰਗ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਦਾ ਹੈ ਅਤੇ ਪ੍ਰਦੂਸ਼ਣ ਰੋਕਥਾਮ ਦੇ ਉਚਿਤ ਉਪਾਵਾਂ ਦਾ ਪ੍ਰਸਤਾਵ ਦਿੰਦਾ ਹੈ। ਐਨ.ਓ.ਸੀ ਦੀ ਕਾਪੀ ਬੋਰਡ ਦੀ ਵੈਬਸਾਈਟ 'ਤੇ ਸਰਵਜਨਕ ਡੋਮੇਨ ਵਿਚ ਉਪਲਬਧ ਹੈ ਅਤੇ ਕੋਈ ਵੀ ਇਸਨੂੰ ਦੇਖ ਸਕਦਾ ਹੈ। |
| 2. | ਸ. ਸ਼ਰਨਜੀਤ ਸਿੰਘ, ਵਾਸੀ ਪਿੰਡ ਹੰਬੜਾ, ਜ਼ਿਲ੍ਹਾ ਲੁਧੀਆਣਾ। | ਸੱਨਅਤ ਪ੍ਰਦੂਸ਼ਣ ਰੋਕਥਾਮ ਕਾਨੂੰਨਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰੇਗਾ ਅਤੇ ਕੋਈ ਜਲ ਪ੍ਰਦੂਸ਼ਣ ਆਸ ਪਾਸ ਨਹੀਂ ਪੈਦਾ ਕਰੇਗਾ ਜਿਸ ਤਰ੍ਹਾ ਦਾ ਬੁੱਡਾ ਨਾਲੇ ਵਿੱਚ ਹੈ। | ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਵੱਖ-ਵੱਖ ਪ੍ਰਦੂਸ਼ਣ ਰੋਕਥਾਮ ਐਕਟ ਦੀਆਂ ਧਾਰਾਵਾਂ ਅਨੁਸਾਰ ਸੱਨਅਤ ਪ੍ਰਦੂਸ਼ਣ ਰੋਕਥਾਮ ਲਈ ਉਪਾਅ ਕਰਨ ਦਾ ਪਾਬੰਦ ਹੈ ਤਾਂ ਜੋ ਖੇਤਰ ਵਿੱਚ ਪ੍ਰਦੂਸ਼ਣ ਨਾ ਹੋ ਸਕੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਖੁਦ ਨਿਗਰਾਨੀ ਕਰਦਾ ਹੈ ਜਾਂ ਬਾਹਰੀ ਏਜੰਸੀ ਰਾਹੀਂ ਸੱਨਅਤ ਵਿੱਚ ਪ੍ਰਦੂਸ਼ਣ ਰੋਕਥਾਮ ਕਾਨੂੰਨਾਂ ਦੀ ਪਾਲਣਾ ਚੈੱਕ ਕਰਵਾ ਸਕਦਾ ਹੈ। ਸਹਾਇਕ ਵਾਤਾਵਰਣ ਇੰਜੀਨੀਅਰ, ਖੇਤਰੀ ਦਫਤਰ -3, ਲੁਧਿਆਣਾ ਦੀ ਤਰਫੋ, ਵਾਤਾਵਰਣ ਇੰਜੀਨੀਅਰ (ਮੈਗਾ) ਨੇ ਦੱਸਿਆ ਕਿ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਦੀ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਮੁਤਾਬਕ ਕੁਝ ਸੱਨਅਤਾਂ ਜਿਨ੍ਹਾਂ ਦਾ ਵੇਰਵਾ ਨੋਟੀਫਿਕੇਸ਼ਨ ਵਿਚ ਦਿੱਤਾ ਗਿਆ ਹੈ, ਉਨ੍ਹਾਂ ਸੱਨਅਤਾਂ ਨੂੰ ਲਗਾਉਣ ਤੋਂ ਪਹਿਲਾਂ ਜਾਂ ਉਸ ਵਿੱਚ ਵਾਧਾ ਕਰਨ ਤੋਂ ਪਹਿਲਾਂ, ਵਾਤਾਵਰਣ ਕਲੀਅਰਐਂਸ ਲੈਣੀ ਹੁੰਦੀ ਹੈ। ਦੀ ਮਨਜ਼ੂਰੀ ਲੈਣੀ ਪਵੇਗੀ ਜਾਂ ਮੰਤਰਾਲੇ ਤੋਂ ਕਿਸੇ ਕਿਸਮ ਦਾ ਵਾਧਾ ਹੋਣਾ ਪਏਗਾ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਨੇ ਵੱਡੇ ਉਦਯੋਗਾਂ ਵਿਚ ਪ੍ਰਦੂਸ਼ਣ ਕੰਟਰੋਲ ਯੰਤਰਾਂ ਤੇ ਸੀਸੀਟੀਵੀ ਕੈਮਰੇ ਲਗਾਉਣ ਨੂੰ ਲਾਜ਼ਮੀ ਕਰ ਦਿੱਤਾ ਹੈ ਤਾਂ ਜੋ ਯੰਤਰਾਂ ਦੇ ਓਪਰੇਸ਼ਨ ਦੀ ਜਾਂਚ |

| | | | |
|---|---|---|---|
| | | | ਕੀਤੀ ਜਾ ਸਕੇ ਅਤੇ ਲਗਾਤਾਰ ਨਿਗਰਾਨੀ ਲਈ ਵੀ ਸੀਸੀਟੀਵੀ ਦਾ ਲਿੰਕ ਬੋਰਡ ਦੇ ਮੁੱਖ ਦਫਤਰ ਨਾਲ ਜੁੜਿਆ ਹੋਇਆ ਹੈ। |
| 3. | ਸ. ਗੁਰਮੇਲ ਸਿੰਘ, ਨੰਬਰਦਾਰ, ਵਾਸੀ ਪਿੰਡ ਭੱਟੀਆਂ, ਜ਼ਿਲ੍ਹਾ ਲੁਧੀਆਣਾ। | ਸੱਨਅਤ ਖੇਤਰ ਵਿਚ ਪ੍ਰਦੂਸ਼ਣ ਨੂੰ ਰੋਕਣ ਲਈ ਵਧੀਆ ਉਪਰਾਲੇ ਕਰੇਗਾ ਅਤੇ ਸਥਾਨਕ ਨਿਵਾਸੀਆਂ ਨੂੰ ਰੁਜ਼ਗਾਰ ਵੀ ਪ੍ਰਦਾਨ ਕਰੇਗਾ। | ਇਥੇ ਪ੍ਰੋਜੈਕਟ ਪ੍ਰੋਪੋਨੈਂਟ ਵਲੋਂ ਜਨਤਾ ਨੂੰ ਵਿਸ਼ਵਾਸ਼ ਦਵਾਇਆ ਗਿਆ ਕਿ ਉਹ ਪੂਰਾ ਧਿਆਨ ਰੱਖਣਗੇ ਕਿ ਇਸ ਫੈਕਟਰੀ ਵਿਚੋਂ ਕੋਈ ਵੀ ਪ੍ਰਦੂਸ਼ਣ ਨਾ ਹੋਵੇ ਤੇ ਇਹ ਵੀ ਵਿਸ਼ਵਾਸ਼ ਦਵਾਇਆ ਕਿ ਰੋਜਗਾਰ ਪਿੰਡ ਦੇ ਲੋਕਾਂ ਨੂੰ ਪਹਿਲ ਦੇ ਅਧਾਰ ਤੇ ਦਿੱਤਾ ਜਾਵੇਗਾ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੋ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ ਨਾ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਯੋਜਨਾ ਦਾ ਸਮਰਥਨ ਕਰਦੇ ਹਨ। ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵਿਅਕਤੀ ਨੇ ਵੀ ਹੱਥ ਨਹੀ ਉਠਾਇਆ। 51 ਵਿਅਕਤੀਆਂ ਵੱਲੋ ਇਸ ਜਨਤਕ ਸੁਣਵਾਈ ਵਿੱਚ ਹਿੱਸਾ ਲਿਆ ਗਿਆ।

ਸਰਵਜਨਕ ਸੁਣਵਾਈ ਸੁਪਰਵਾਈਜ਼ਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

(**ਸ. ਅਸ਼ਪ੍ਰੀਤ ਸਿੰਘ**),
ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਲੁਧਿਆਣਾ।

(**ਡਾ. ਮਨੋਹਰ ਲਾਲ ਚੋਹਾਨ**)
ਵਾਤਾਵਰਣ ਇੰਜੀਨੀਅਰ (ਮੈਗਾ),
ਪੀਪੀਸੀਬੀ, ਪਟਿਆਲਾ।

(**ਸ. ਜਸਪਾਲ ਸਿੰਘ ਗਿੱਲ**, **ਆਈ.ਏ.ਐਸ**),
ਵਧੀਕ ਡਿਪਟੀ ਕਮਿਸਨਰ,
ਖੰਨਾ।